# India-EU consultations on disarmament and non-proliferation

November 23, 2020

---

## ਨਿਹੱਥੇਕਰਨ ਅਤੇ ਗ਼ੈਰ-ਪ੍ਰਸਾਰ ਬਾਰੇ ਭਾਰਤ-ਯੂਰਪੀਅਨ ਸੰਘ ਵਿਚਾਲੇ ਸਲਾਹ-ਮਸ਼ਵਰੇ

23 ਨਵੰਬਰ, 2020

ਭਾਰਤ ਅਤੇ ਯੂਰਪੀਅਨ ਯੂਨੀਅਨ ਦਰਮਿਆਨ ਨਿਹੱਥੇਕਰਨ ਅਤੇ ਗ਼ੈਰ-ਪ੍ਰਸਾਰ ਦੇ ਮੁੱਦਿਆਂ ਬਾਰੇ ਛੇਵੇਂ ਗੇੜ ਦੇ ਸਲਾਹ-ਮਸ਼ਵਰੇ 23 ਨਵੰਬਰ, 2020 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਏ। ਇਸ ਵਿਚਾਰ ਵਟਾਂਦਰੇ ਦੌਰਾਨ ਪਰਮਾਣੂ, ਰਸਾਇਣਕ ਅਤੇ ਜੈਵਕ ਨਿਹੱਥੇਕਰਨ ਅਤੇ ਗ਼ੈਰ-ਪ੍ਰਸਾਰ, ਰਵਾਇਤੀ ਹਥਿਆਰਾਂ, ਬਾਹਰੀ ਪੁਲਾੜ ਸੁਰੱਖਿਆ ਨਾਲ ਜੁੜੇ ਮੁੱਦਿਆਂ, ਨਿਰਯਾਤ ਕੰਟਰੋਲ ਪ੍ਰਣਾਲੀ, ਰਣਨੀਤਕ ਸਥਿਰਤਾ, ਵਾਤਾਵਰਣ ਅਤੇ ਆਪਸੀ ਹਿਤ ਦੇ ਹੋਰਨਾਂ ਘਟਨਾਕ੍ਰਮ ਬਾਰੇ ਗੱਲਬਾਤ ਹੋਈ। ਇਨ੍ਹਾਂ ਸਲਾਹ ਮਸ਼ਵਰਿਆਂ ਦਾ ਉਦੇਸ਼ ਭਾਰਤ ਅਤੇ ਯੂਰਪੀਅਨ ਯੂਨੀਅਨ ਦਰਮਿਆਨ ਅੰਤਰਰਾਸ਼ਟਰੀ ਸੁਰੱਖਿਆ ਨਾਲ ਜੁੜੇ ਮੁੱਦਿਆਂ 'ਤੇ ਆਪਸੀ ਸਮਝ-ਬੂਝ ਵਧਾਉਣਾ ਹੈ। ਇਹ ਸਲਾਹ ਮਸ਼ਵਰੇ ਭਾਰਤ ਦੇ ਅਹਿਮ ਰਣਨੀਤਕ ਭਾਈਵਾਲ ਹੋਣ ਵਜੋਂ ਯੂਰਪੀਅਨ ਯੂਨੀਅਨ ਨਾਲ ਇਸਦੇ ਵਿਆਪਕ ਸੰਵਾਦ ਦੇ ਤੰਤਰ ਦਾ ਹਿੱਸਾ ਹਨ।

ਨਵੀਂ ਦਿਲੀ
23 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.